# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

6ਵੀਂ ਮੰਜ਼ਿਲ, ਈ-ਬਲਾਕ, ਪੀ.ਐਸ.ਈ.ਬੀ. ਕੰਪਲੈਕਸ, ਵਿਦਿਆ ਭਵਨ, ਫੇਜ਼-8 ਐਸ.ਏ.ਐਸ.ਨਗਰ

ਈ-ਮੇਲ: directorscert@punjabeducation.gov.in, ਫੋਨ ਨੰ. 0172-2212221


2025116020

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ./ਐ.ਸਿ.),
ਪੰਜਾਬ ।

ਮੀਮੋ ਨੰ. E-957146/ SCERT/SDP/2578
ਮਿਤੀ - 11-08-2025

ਵਿਸ਼ਾ:- **Implementation of Organ Donation Pledge by All Staff and Students on 13th August 2025**

ਹਵਾਲਾ:- **Department of Medical Education Research Govt. of Punjab ਵੱਲੋਂ ਭੇਜੇ ਗਏ ਪੱਤਰ ਨੰ.946713-MER-HTH3017 A/6/2025-4MER1/207 ਮਿਤੀ 11-08-2025 ਦੇ ਸਬੰਧ ਵਿੱਚ ।**

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਅੰਗ ਦਾਨ ਇੱਕ ਮਹੱਤਵਪੂਰਨ ਅਤੇ ਜਿੰਦਗੀ ਬਚਾਉਣ ਵਾਲਾ ਕੰਮ ਹੈ, ਜਿਸ ਨਾਲ ਇੱਕ ਮ੍ਰਿਤਕ ਦਾਨੀ ਅੱਠ ਜਿੰਦਗੀਆਂ ਬਚਾ ਸਕਦਾ ਹੈ। ਲੋਕਾਂ ਵਿੱਚ ਜਾਗਰੂਕਤਾ ਫੈਲਾਉਣਾ ਅਤੇ ਉਨ੍ਹਾਂ ਨੂੰ ਅੰਗ ਦਾਨ ਲਈ ਪ੍ਰੇਰਿਤ ਕਰਨਾ, ਇੱਕ ਦਯਾਲੂ ਅਤੇ ਮਜ਼ਬੂਤ ਸਿਹਤ ਪ੍ਰਣਾਲੀ ਬਣਾਉਣ ਵੱਲ ਵੱਡਾ ਕਦਮ ਹੈ।

ਇਹ ਸਾਡੇ ਲਈ ਮਾਣ ਦੀ ਗੱਲ ਹੈ ਕਿ ਪੰਜਾਬ ਰਾਜ ਨੂੰ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ, ਭਾਰਤ ਸਰਕਾਰ ਵੱਲੋਂ 15ਵੇਂ ਭਾਰਤੀ ਅੰਗ ਦਾਨ ਦਿਵਸ 'ਤੇ "Emerging State in Deceased Organ Donation" ਵਜੋਂ ਸਨਮਾਨਿਤ ਕੀਤਾ ਗਿਆ ਹੈ। ਇਹ ਸਾਡੀਆਂ ਸੰਸਥਾਵਾਂ ਅਤੇ ਸਿਹਤ ਕਰਮੀਆਂ ਦੀਆਂ ਸ਼ਲਾਘਾਯੋਗ ਕੋਸ਼ਿਸ਼ਾਂ ਦਾ ਨਤੀਜਾ ਹੈ।

ਇਸ ਉਪਲਬਧੀ ਨੂੰ ਹੋਰ ਮਜ਼ਬੂਤ ਕਰਨ ਲਈ, ਸਮੂਹ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 13 ਅਗਸਤ 2025 ਨੂੰ ਆਪਣੇ ਦਫਤਰਾਂ, ਸਿੱਖਿਆ ਸੰਸਥਾਵਾਂ ਅਤੇ ਅਧੀਨ ਦਫ਼ਤਰਾਂ ਵਿੱਚ Organ Donation Pledge ਕਰਵਾਇਆ ਜਾਵੇ। ਸਾਰੇ ਸਟਾਫ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ NOTTO ਪੋਰਟਲ (https://notto.abdm.gov.in) ਤੇ ਆਨਲਾਈਨ Pledge ਲੈਣ ।

ਸੰਬੰਧਿਤ ਗਤੀਵਿਧੀ(Pledge) ਵਿੱਚ ਭਾਗ ਲੈਣ ਵਾਲਿਆਂ ਦੀ ਗਿਣਤੀ, Photos ਅਤੇ ਕੀਤੀਆਂ ਗਈਆਂ ਗਤੀਵਿਧੀਆਂ ਦੀ ਰਿਪੋਰਟ 18 ਅਗਸਤ 2025 ਤੱਕ ਸਿਹਤ ਵਿਭਾਗ ਦੀ ਈ-ਮੇਲ ਆਈ.ਡੀ. dir.mer@punjab.gov.in, ਅਤੇ sotto-punjab@punjab.gov.in ਤੇ ਭੇਜਣੀ ਯਕੀਨੀ ਬਣਾਈ ਜਾਵੇ ।

ਕਿਰਨ ਸ਼ਰਮਾ,ਪੀ.ਸੀ.ਐਸ.
ਡਾਇਰੈਕਟਰ, ਐਸ.ਸੀ.ਈ.ਆਰ.ਟੀ.ਪੰਜਾਬ

ਪਿੱਠ ਅੰਕਣ ਨੰ. ਉਕਤ ਮਿਤੀ ਐਸ.ਏ.ਐਸ.,ਨਗਰ, 11-08-2025

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਸਮੂਹ ਸਕੂਲ ਮੁੱਖੀ (ਸਰਕਾਰੀ/ਅਰਧ ਸਰਕਾਰੀ/ਪ੍ਰਾਇਵੇਟ)।

ਕਿਰਨ ਸ਼ਰਮਾ,ਪੀ.ਸੀ.ਐਸ.
ਡਾਇਰੈਕਟਰ, ਐਸ.ਸੀ.ਈ.ਆਰ.ਟੀ.ਪੰਜਾਬ